**ਪੰਜਾਬ ਸਰਕਾਰ**
**ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ**
**ਐਸ.ਸੀ.ਓ.ਨੰਬਰ 49, ਸੈਕਟਰ 17-ਈ, ਚੰਡੀਗੜ੍ਹ।**
(ਸ਼ਾਮਲਾਤ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ
1. ਡਵੀਜ਼ਨਲ ਡਿਪਟੀ ਡਾਇਰੈਕਟਰ,ਪੇਂਡੂ ਵਿਕਾਸ ਅਤੇ ਪੰਚਾਇਤ;
2. ਵਧੀਕ ਡਿਪਟੀ ਕਮਿਸ਼ਨਰ(ਵਿਕਾਸ); -
3. ਜਿਲਾ ਵਿਕਾਸ ਅਤੇ ਪੰਚਾਇਤ ਅਫਸਰ;
4. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ

ਪੱਤਰ ਨੰ: ਡੀ.ਪੀ.ਐਲ.ਡੀ.1/2008/579-82
ਚੰਡੀਗੜ੍ਹ,ਮਿਤੀ 07-01-2009

ਵਿਸ਼ਾ:- ਸਿਵਲ ਰਿੱਟ ਪਟੀਸ਼ਨ ਸਬੰਧੀ ਸਮੇਂ ਸਿਰ ਜਵਾਬ ਦਾਵੇ ਦਾਇਰ ਕਰਨ ਸਬੰਧੀ ਹਦਾਇਤਾਂ ।

=====

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਇਰ ਕੀਤੇ ਜਾਂਦੇ ਜਵਾਬ ਦਾਵੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਇਰ ਕੀਤੇ ਜਾਂਦੇ ਜਵਾਬ ਦਾਵੇ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵਲੋਂ ਵੈਟ ਕਰਨ ਉਪਰੰਤ ਸਟੇਟ ਹੈਡ ਕੁਆਰਟਰ ਤੋਂ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵਲੋਂ ਵੈਟ ਕਰਨ ਉਪਰੰਤ ਸਟੇਟ ਹੈਡ ਕੁਆਰਟਰ ਤੋਂ ਵੈਟ ਕਰਵਾਉਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ ਹੁਣ ਇਨ੍ਹਾਂ ਵਿੱਚ ਸੋਧ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਜਵਾਬ ਦਾਵੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਫਾਈਲ ਕਰਨ ਤੋਂ ਪਹਿਲਾਂ ਜਿਨ੍ਹਾਂ ਰਿੱਟਾਂ ਪਟੀਸ਼ਨਾਂ ਵਿੱਚ ਗਰਾਮ ਪੰਚਾਇਤ ਦਾ ਝਗੜੇ ਅਧੀਨ ਰਕਬਾ 5 ਏਕੜ ਤੋਂ ਘੱਟ ਹੋਵੇ ਜਾਂ ਜੋ ਗਰਾਮ ਪੰਚਾਇਤਾਂ ਸ਼ਹਿਰਾਂ ਦੇ 10 ਕਿਲੋਮੀਟਰ ਦੇ ਘੇਰੇ ਅੰਦਰ ਸਥਿਤ ਹੋਣ ਉਥੇ ਰਿੱਟ ਪਟੀਸ਼ਨ ਵਿਚ ਝਗੜੇ ਅਧੀਨ ਆਇਆ ਗਰਾਮ ਪੰਚਾਇਤ ਦਾ ਰਕਬਾ ਇੱਕ ਏਕੜ ਤੋਂ ਘੱਟ ਹੋਵੇ ਉਨ੍ਹਾਂ ਦੇ ਜਵਾਬ ਦਾਵੇ ਜਿਲੇ ਦੇ ਵਧੀਕ ਡਿਪਟੀ ਕਮਿਸ਼ਨਰ(ਵਿਕਾਸ) ਪਾਸੋਂ ਪ੍ਰਵਾਨ ਕਰਵਾ ਲਏ ਜਾਣ। ਸਿਰਫ ਉਨ੍ਹਾਂ ਕੋਰਟ ਕੇਸਾਂ ਵਿੱਚ ਜਿੱਥੇ ਰਿੱਟ ਪਟੀਸ਼ਨ ਅਧੀਨ ਆਇਆ ਪੰਚਾਇਤ ਦਾ ਰਕਬਾ 5 ਏਕੜ ਤੋਂ ਵੱਧ ਹੋਵੇ ਜਾਂ ਜੋ ਗਰਾਮ ਪੰਚਾਇਤਾਂ ਸ਼ਹਿਰਾਂ ਦੇ 10 ਕਿਲੋਮੀਟਰ ਦੇ ਘੇਰੇ ਅੰਦਰ ਸਥਿਤ ਹੋਣ ਉੱਥੇ ਰਿੱਟ ਪਟੀਸ਼ਨ ਵਿੱਚ ਆਇਆ ਰਕਬਾ ਇੱਕ ਏਕੜ ਤੋਂ ਵੱਧ ਹੋਵੇ ਉਹ ਕੇਸ ਹੀ ਸਟੇਟ ਹੈਡਕੁਆਰਟਰ ਤੇ ਜਵਾਬ ਦਾਵਾ ਪ੍ਰਵਾਨ ਕਰਨ ਲਈ ਭੇਜੇ ਜਾਣ।

1. ਗਰਾਮ ਪੰਚਾਇਤਾਂ ਵਲੋਂ ਕੇਸ ਦਾਇਰ ਕਰਨ/ਡੀਫੈਂਡ ਕਰਨ ਲਈ ਯੋਗ ਅਤੇ ਮਾਹਿਰ ਵਕੀਲ ਹੀ ਨਿਯੁਕਤ ਕੀਤੇ ਜਾਣ ਜੋ ਗਰਾਮ ਪੰਚਾਇਤ ਦੇ ਨਾਲ ਕੇਸ ਵਿੱਚ ਆਈ ਵਿਰੋਧੀ ਪਾਰਟੀ ਦੇ ਰਿਸ਼ਤੇਦਾਰ ਜਾਂ ਹਿਤੈਸ਼ੀ ਨਾ ਹੋਣ ।ਇਹ ਵੀ ਯਕੀਨੀ ਬਣਾਇਆ ਜਾਵੇ ਕਿ ਇਹ ਵਕੀਲ ਆਪਣੇ ਕਿੱਤੇ ਦੇ ਮਾਹਿਰ ਵੀ ਹੋਣੇ ਚਾਹੀਦੇ ਹਨ।ਇਨ੍ਹਾਂ ਕੇਸਾਂ ਦੀ ਸੁਣਵਾਈ ਤੇ ਹਰ ਤਾਰੀਖ ਤੇ ਗਰਾਮ ਪੰਚਾਇਤ ਦੇ ਨੁਮਾਇੰਦੇ ਤੋਂ ਇਲਾਵਾ ਬਲਾਕ ਦਫਤਰ ਵਲੋਂ ਪੰਚਾਇਤ ਸਕੱਤਰ/ਪੰਚਾਇਤ ਅਫਸਰ/ਸਮਾਜਿਕ ਸਿੱਖਿਆ ਅਤੇ ਪੰਚਾਇਤ ਅਫਸਰ ਕੇਸ ਦੀ ਪੈਰਵੀ ਕਰਨ ਹਿੱਤ ਹਾਜ਼ਰ ਹੋਣ ਅਤੇ ਉਹ ਅਦਾਲਤ ਵਿੱਚ ਹਰ ਤਾਰੀਖ ਤੇ ਹੋਈ ਕਾਰਵਾਈ ਸਬੰਧੀ ਆਪਣੀ ਟਿੱਪਣੀ ਬਲਾਕ ਵਿਕਾਸ ਅਤੇ ਪੰਚਾਇਤ

ਅਫਸਰ ਦੇ ਦਫਤਰ ਵਿੱਖ ਰੱਖੇ ਕੋਰਟ ਕੇਸਾਂ ਸਬੰਧੀ ਰਜਿਸਟਰ ਵਿੱਚ ਦਰਜ਼ ਕਰਨ। ਇੰਨ੍ਹਾਂ ਇੰਦਰਾਜਾਂ ਦੀ ਹਰ ਮਹੀਨੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਰੀਵਿਊ ਕਰਨ ਅਤੇ ਸਬੂਤ ਵਜੋਂ ਇਨ੍ਹਾਂ ਇੰਦਰਾਜਾਂ ਤੇ ਆਪਣੇ ਦਸਤਖਤ ਵੀ ਅੰਕਿਤ ਕਰਨ।

3. ਹਰ ਪੰਚਾਇਤ ਸੰਮਤੀ ਦਫਤਰ ਵਿੱਚ ਕੋਰਟ ਕੇਸਾਂ ਸਬੰਧੀ ਇਕ ਰਜਿਸਟਰ ਲਗਾਇਆ ਜਾਵੇ ਜਿਸ ਵਿੱਚ ਕੋਰਟ ਕੇਸ ਦਾ ਨੰਬਰ,ਦਾਇਰ ਹੋਣ ਦੀ ਮਿਤੀ, ਵਿਰੋਧੀ ਪਾਰਟੀ ਦਾ ਨਾਮ ਅਤੇ ਪਤਾ,ਕੇਸ ਅਧੀਨ ਆਏ ਪੰਚਾਇਤ ਰਕਬੇ ਦੇ ਖਸਰਾ ਨੰਬਰਾਨ,ਗਰਾਮ ਪੰਚਾਇਤ ਵਲੋਂ ਨਿਯੁਕਤ ਕੀਤੇ ਵਕੀਲ ਦਾ ਨਾਂ ਅਤੇ ਪਤਾ ਸਮੇਤ ਟੈਲੀਫੋਨ ਨੰਬਰ ਆਦਿ ਦਰਜ਼ ਕੀਤੇ ਜਾਣ। ਹਰ ਕੇਸ ਲਈ ਰਜਿਸਟ ਦਾ ਇਕ ਵੱਖਰਾ ਪੰਨਾਂ ਲਗਾਇਆ ਜਾਵੇ ਅਤੇ ਉਸ ਦੇ ਸਾਹਮਣੇ ਤਾਰੀਖ ਵਾਰ ਹੋਈ ਪ੍ਰਗਤੀ ਦਾ ਇੰਦਰਾਜ ਉਪਰੋਕਤ ਕਰਮਚਾਰੀਆਂ ਰਾਹੀਂ ਕੀਤਾ ਜਾਵੇ। ਜਦੋਂ ਇਸ ਕੇਸ ਦਾ ਅੰਤਿਮ ਨਿਪਟਾਰਾ ਹੋ ਜਾਵੇ ਤਾਂ ਉਸ ਸਬੰਧੀ ਪ੍ਰਾਪਤ ਹੋਏ ਫੈਸਲੇ ਦਾ ਨੰਬਰ ਅਤੇ ਸੰਖੇਪ ਵਿੱਚ ਹੋਏ ਫੈਸਲੇ ਦਾ ਵੇਰਵਾ ਅਤੇ ਉਸ ਉਤੇ ਦਫਤਰ ਵਲੋਂ ਕੀਤੀ ਕਾਰਵਾਈ ਅੰਕਿਤ ਕੀਤੀ ਜਾਵੇ। ਇਹ ਰਜਿਸਟਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਆਪਣੀ ਨਿਗਰਾਨੀ ਹੇਠ ਰੱਖੇ ਅਤੇ ਬਲਾਕ ਵਿਚੋਂ ਤਬਾਦਲਾ ਹੋਣ ਤੇ ਆਉਣ ਵਾਲੇ ਅਧਿਕਾਰੀ ਨੂੰ ਚਾਰਜ਼ ਰਾਹੀਂ ਸੌਂਪਿਆ ਜਾਵੇ।

4. ਗਰਾਮ ਪੰਚਾਇਤ ਵਲੋਂ ਨਿਯੁਕਤ ਕੀਤੇ ਵਕੀਲ ਨੂੰ ਜੇਕਰ ਗਰਾਮ ਪੰਚਾਇਤ ਵਲੋਂ ਕੇਸ ਦੀ ਅਵਧੀ ਦੇ ਦੌਰਾਨ ਬਦਲਣ ਦੀ ਲੋੜ ਹੋਵੇ ਤਾਂ ਉਸ ਸਬੰਧੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਰਾਹੀਂ ਕੇਸ ਹੈਡਕੁਆਰਟਰ ਨੂੰ ਭੇਜ ਕੇ ਆਗਿਆ ਪ੍ਰਾਪਤ ਕੀਤੀ ਜਾਵੇ । ਪ੍ਰੰਤੂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਜਿਹੀ ਆਗਿਆ ਦੇਣ ਤੋਂ ਪਹਿਲਾਂ ਵਕੀਲ ਬਦਲਣ ਦੇ ਕਾਰਨ ਸਪਸ਼ਟ ਤੌਰ ਤੇ ਕੇਸ ਰਜਿਸਟਰ ਵਿੱਚ ਦਰਜ ਕਰਨਗੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਸਕੱਤਰ, ਪੰਜਾਬ ਸਰਕਾਰ,
ਪੇਂਡੂ ਵਿਕਾਸ ਅਤੇ ਪੰਚਾਇਤ ਅਫਸਰ੍ਹ।